**Bal Bharati**
**PUBLIC SCHOOL**
**LUDHIANA**

| | | |
|---|---|---|
| **Name - ____________** | **Class V** | **Date-12.03.24** |
| **Roll No. __________** | **Final Term Test (March 2024)** | **M.Marks : 80** |
| **Time:3hrs** | | **Subject-Punjabi** |

(ਭਾਗ - ੳ)

(ੳ) ਬਹੁ-ਵਿਕਲਪੀ ਪ੍ਰਸ਼ਨ- (6)

1.ਕੁੜੀਆਂ ਦੇ ਭਾਗ ਕਿਸ ਤਰ੍ਹਾਂ ਜਾਗ ਸਕਦੇ ਹਨ? (ਨਿਰਾਸ਼ ਰਹਿ ਕੇ, ਉੱਚੀ ਵਿੱਦਿਆ ਹਾਸਲ ਕਰਕੇ, ਵਿਹਲੇ ਬੈਠ ਕੇ)

2.ਗੰਗੂ ਦਾ ਪਿੰਡ ਕਿਹੜਾ ਸੀ ? (ਡੱਲਾ, ਸਹੌਲੀ, ਸਹੇੜੀ)

3.ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਨ ਦਾ ਹੁਕਮ ਕਿਸਨੇ ਦਿੱਤਾ? (ਵਜ਼ੀਰ ਖਾਂ ਨੇ, ਸੁੱਚਾ ਨੰਦ ਨੇ, ਜ਼ਮੀਰ ਖਾਂ ਨੇ)

4.ਮਿਲਖਾ ਸਿੰਘ ਕਿਹੋ ਜਿਹੇ ਪਰਿਵਾਰ ਵਿੱਚ ਜੰਮਿਆ ਪਲਿਆ? (ਸ਼ਾਹੀ, ਸਧਾਰਨ , ਬਹੁਤ ਗ਼ਰੀਬ)

5.ਭਾਰਤ ਸਰਕਾਰ ਨੇ ਮਿਲਖਾ ਸਿੰਘ ਨੂੰ ਕਿਹੜਾ ਸਨਮਾਨ ਦਿੱਤਾ? (ਭਾਰਤ ਰਤਨ, ਨੋਬਲ ਪੁਰਸਕਾਰ, ਪਦਮ ਸ਼੍ਰੀ)

6.ਕਵੀ ਕਿਸ ਦੇ ਸਿਰ ਤੇ ਸ਼ਬਦਾਂ ਦਾ ਚੰਦੋਆ ਸਲਾਮਤ ਰੱਖਣਾ ਚਾਹੁੰਦਾ ਹੈ? (ਧੀਆਂ ਦੇ, ਕਿਤਾਬਾਂ ਦੇ, ਕੰਧਾਂ ਦੇ)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (16)

7. ਮਿਲਖਾ ਸਿੰਘ ਦਿੱਲੀ ਕਿਵੇਂ ਪਹੁੰਚਿਆ?
8. ਕਿਤਾਬਾਂ ਵਿੱਚ ਧੀਆਂ ਨੂੰ ਕੌਣ ਹਾਕਾਂ ਮਾਰ ਰਿਹਾ ਹੈ?
9. ਸ਼ਬਦਾਂ ਦੀ ਤੋਰ ਤੇ ਅੰਦਾਜ਼ ਕਿਹੋ ਜਿਹੇ ਹਨ?
10. ਮਾਤਾ ਜੀ ਬੱਚਿਆਂ ਨੂੰ ਕੀ ਸਮਝਾ ਰਹੇ ਸਨ?
11. ਮਿਲਖਾ ਸਿੰਘ ਦੇ ਨਾਂ ਨਾਲ ਫਲਾਇੰਗ ਸਿੱਖ ਸ਼ਬਦ ਕਿਵੇਂ ਜੁੜਿਆ?
12. ਹਨ੍ਹੇਰ ਕਿਸ ਕੋਲੋਂ ਥਰ-ਥਰ ਕੰਬਦਾ ਹੈ?
13. ਮਾਤਾ ਜੀ ਦੇ ਨਾਲ ਕੌਣ-ਕੌਣ ਸਨ?
14. ਗੰਗੂ ਨੇ ਕੀ ਚੋਰੀ ਕੀਤਾ?

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (8)

15. ਸੂਲਾਂ - (ਰੋਸ / ਲਟਕਾਉਣਾ / ਕੰਡੇ )
16. ਤਿੜਕਣਾ - (ਟੁੱਟਣਾ / ਹਫ਼ਤਾਵਾਰ / ਬਿਨਾਂ ਡਰ ਤੋਂ)
17. ਭਾਗ - (ਯੁੱਧ / ਨਸੀਬ / ਗਾਇਬ)
18. ਫੁਰਤੀ - (ਦੇਣਾ / ਨਿਮਰਤਾ / ਤੇਜ਼ੀ)
19. ਅਨੁਮਾਨ - (ਅੰਦਾਜ਼ਾ / ਛੋਟੇ ਬੂਟੇ / ਕਸਰਤ)
20. ਅੰਬਰ - (ਦੋਸਤੀ / ਸਹੇਲੀ / ਅਕਾਸ਼)
21. ਬਿਰਧ - (ਬਜ਼ੁਰਗ / ਸਾਜਿਸ਼ / ਮੂਰਖ਼ਤਾ)
22. ਛਾਪਾਂ ਛੱਲੇ - (ਜੇਲ / ਲੜਾਈ / ਗਹਿਣੇ)

**(ਸ) ਖ਼ਾਲੀ ਥਾਵਾਂ ਭਰੋ।** (2)

23. ਪੰਜਾਬ ਸਰਕਾਰ ਨੇ ਮਿਲਖਾ ਸਿੰਘ ਨੂੰ ___________ ਦਾ ਉੱਚ ਅਧਿਕਾਰੀ ਨਿਯੁਕਤ ਕੀਤਾ।

24. ਜੇਤੂ ਖਿਡਾਰੀਆਂ ਦੇ ___________ ਤੋਂ ਮਿਲਖਾ ਸਿੰਘ ਨੂੰ ਬਹੁਤ ਉਤਸ਼ਾਹ ਮਿਲਿਆ।

**(ਹ) ਵਾਕ ਬਣਾਉ –** (8)

25. ਫ਼ੌਜ – ______________________________________________________।

26. ਹਨ੍ਹੇਰਾ – ______________________________________________________।

27. ਕੋਠੜੀ – ______________________________________________________।

28. ਪਰਿਵਾਰ – ______________________________________________________।

**(ਕ) ਲਿੰਗ ਬਦਲੀ ਕਰੋ।** (2)

29. ਖਿਡਾਰੀ ਦੌੜ ਰਿਹਾ ਹੈ। ___________________________________।

30. ਧੀ ਨੂੰ ਸਕੂਲ ਵਿੱਚ ਪੜ੍ਹਨ ਲਈ ਭੇਜੋ। ___________________________________।

**(ਖ) ਵਿਰੋਧੀ ਸ਼ਬਦ ਲਿਖੋ।** (3)

31. ਸਰਦੀ – _________

32. ਮਾਰਨਾ – _________

33. ਪਿਆਰ – _________

**(ਗ) ਕਿਸਨੇ ਕਿਸਨੂੰ ਕਿਹਾ–** (3)

34. "ਤੁਸੀਂ ਮੇਰੇ ਸ਼ੇਰ ਦੇ ਸ਼ੇਰ ਬੱਚੇ ਹੋ, ਸ਼ੇਰਾਂ ਨੂੰ ਨਾ ਸਰਦੀ ਲੱਗਦੀ ਹੈ ਨਾ ਡਰ।"

___________________________________।

35. "ਵੇਖ ਲਵੋ ਸਰਕਾਰ, ਸਜ਼ਾ ਨਾ ਦਿੱਤੀ ਤਾਂ ਪਛਤਾਉਣਾ ਪਵੇਗਾ।"

___________________________________।

36. "ਬੋਰੀਆਂ ਤੂੰ ਚੁੱਕੀਆਂ ਨੇ, ਮੈਂ ਆਪ ਵੇਖਿਆ ਏ ਤੈਨੂੰ ਚੁੱਕਦਿਆਂ।"

___________________________________।

**(ਘ) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ–** (2)

ਚਾਨਣ ਵਾਲੀ ਸੋਚ ਹਮੇਸ਼ਾ ਸੀਸ ਉਠਾ ਕੇ ਤੁਰਦੀ,
ਸ਼ਬਦ ਵਿਹੂਣੀ ਦੁਨੀਆ ਕੱਚੀਆਂ ਕੰਧਾਂ ਵਾਂਗੂੰ ਭੁਰਦੀ ,
ਸੋਚ ਜਦੋਂ ਵੀ ਪਾਸਾ ਪਰਤੇ , ਚਿੜੀਆਂ ਬਾਜ਼ ਦਵੱਲੇ।
ਉੱਠ ਨੀਂ ਕੁੜੀਏ , ਜਾਗ ਨੀਂ ਕੁੜੀਏ,
ਜਾਗਣ ਤੇਰੇ ਭਾਗ ਨੀਂ ਕੁੜੀਏ।

37. ਪ੍ਰਸ਼ਨ– ਉਪਰੋਕਤ ਕਾਵਿ–ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

38. ਪ੍ਰਸ਼ਨ– 'ਵਿਹੂਣੀ' ਦਾ ਸ਼ਾਬਦਿਕ ਅਰਥ ਕੀ ਹੈ?

**ਭਾਗ ( ਅ)**

**(ੳ) ਅਣਡਿੱਠਾ ਪੈਰ੍ਹਾ** (5)

ਸਿਕੰਦਰ ਇੱਕ ਅਜਿਹਾ ਰਾਜਾ ਸੀ ਜੋ ਕਿ ਸਾਰੀ ਦੁਨੀਆ ਨੂੰ ਜਿੱਤਣਾ ਚਾਹੁੰਦਾ ਸੀ।ਉਸਨੇ ਏਸ਼ੀਆ ਦੇ ਕਈ ਦੇਸ਼ਾਂ ਨੂੰ ਲੁੱਟ-ਲੁੱਟ ਕੇ ਤਬਾਹ ਕਰ ਦਿੱਤਾ ਸੀ।ਇੱਕ ਵਾਰ ਮੁਲਤਾਨ ਦੀ ਲੜਾਈ ਵਿੱਚ ਉਸਨੂੰ ਕਈ ਜਖ਼ਮ ਆਏ ਪਰ ਉਸਦੇ ਸਿਰ ਦੇ ਇੱਕ ਜਖ਼ਮ ਨੇ ਉਸਨੂੰ ਫ਼ਿਕਰ ਵਿੱਚ ਪਾ ਦਿੱਤਾ ਸੀ।ਉਸਨੂੰ ਡਰ ਲੱਗਣ ਲੱਗਾ ਕਿ ਕਿਤੇ ਇਸ ਜ਼ਖ਼ਮ ਨਾਲ ਉਸਦੀ ਮੌਤ ਹੀ ਨਾ ਹੋ ਜਾਵੇ।ਉਹ ਸਾਰੀ ਦੁਨੀਆਂ ਨੂੰ ਜਿੱਤਣ ਦੇ ਲਾਲਚ ਕਾਰਨ ਜਲਦੀ ਮਰਨਾ ਨਹੀਂ ਚਾਹੁੰਦਾ ਸੀ।ਇਸ ਲਈ ਉਸਨੇ ਆਪਣੇ ਸਿਪਾਹੀਆਂ ਨੂੰ ਕੋਈ ਅਜਿਹੀ ਚੀਜ਼ ਲੱਭਣ ਲਈ ਕਿਹਾ ਜਿਸ ਨਾਲ ਉਹ ਅਮਰ ਹੋ ਜਾਵੇ।ਬਹੁਤ ਦੇਰ ਤੱਕ ਲੱਭਣ ਤੋਂ ਬਾਅਦ ਇੱਕ ਦਰਬਾਰੀ ਨੇ ਸਿਕੰਦਰ ਨੂੰ ਆਬੇ-ਹਿਆਤ ਨਾਂ ਦੇ ਚਸ਼ਮੇ ਬਾਰੇ ਦੱਸਿਆ , ਜਿਸ ਦਾ ਪਾਣੀ ਪੀਣ ਨਾਲ ਵਿਅਕਤੀ ਅਮਰ ਹੋ ਸਕਦਾ ਸੀ।ਸਿਕੰਦਰ ਬਹੁਤ ਖ਼ੁਸ਼ ਹੋਇਆ ਤੇ ਉਸਨੇ ਜਲਦੀ ਹੀ ਉਸ ਚਸ਼ਮੇ ਕੋਲ ਜਾਣ ਦੀ ਇੱਛਾ ਜ਼ਾਹਿਰ ਕੀਤੀ।ਚਸ਼ਮੇ ਕੋਲ ਪਹੁੰਚ ਕੇ ਪਾਲਕੀ ਰੋਕ ਦਿੱਤੀ ਗਈ ਤੇ ਸਿਕੰਦਰ ਨੂੰ ਇੱਕ ਪਿਆਲੇ ਵਿੱਚ ਚਸ਼ਮੇ ਦਾ ਜਲ ਲਿਆ ਕੇ ਦਿੱਤਾ ਗਿਆ।ਜਦੋਂ ਹੀ ਰਾਜੇ ਨੇ ਪਿਆਲਾ ਆਪਣੇ ਬੁੱਲ੍ਹਾਂ ਕੋਲ ਕੀਤਾ ਤਾਂ ਉੱਥੇ ਇੱਕ ਬੁੱਢਾ ਤੇ ਪਤਲਾ ਜਿਹਾ ਆਦਮੀ ਆ ਗਿਆ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

39. ਸਿਕੰਦਰ ਕਿਸਨੂੰ ਜਿੱਤਣਾ ਚਾਹੁੰਦਾ ਸੀ?

40. ਸਿਕੰਦਰ ਨੂੰ ਕਿਸ ਲੜਾਈ ਵਿੱਚ ਜ਼ਿਆਦਾ ਜਖ਼ਮ ਆਏ?

41. ਚਸ਼ਮੇ ਦਾ ਕੀ ਨਾਂ ਸੀ?

42. ਪੈਰ੍ਹੇ ਵਿੱਚੋਂ ਪੜ੍ਹ ਕੇ ਇਸ ਸਤਰ ਨੂੰ ਪੂਰਾ ਕਰੋ।

ਉਸਨੂੰ ਡਰ ਲੱਗਣ ਲੱਗਾ ਕਿ ਕਿਤੇ ________________________________________।

43. **ਵਾਕ ਬਣਾਓ-**

ਲੜਾਈ - ________________________________________।

**44. ਹੇਠ ਲਿਖੇ ਦਿਸ਼ਾ ਨਿਰਦੇਸ਼ਾਂ ਨੂੰ ਪੜ੍ਹ ਕੇ ਲੇਖ ਲਿਖੋ।** (10)

**ਲੇਖ - ਤਿਰੰਗਾ**

**ਦਿਸ਼ਾ ਨਿਰਦੇਸ਼ -** ਭੂਮਿਕਾ……, ਰਾਸ਼ਟਰੀ ਚਿੰਨ੍ਹ……., ਭਾਰਤ ਦੇ ਰਾਸ਼ਟਰੀ ਚਿੰਨ੍ਹ……., ਕੌਮੀ ਝੰਡਾ……., ਤਿਰੰਗੇ ਦੀ ਬਣਤਰ……., ਤਿਰੰਗੇ ਵਿਚਲੇ ਰੰਗ……., ਅਸ਼ੋਕ ਚੱਕਰ……, ਲਹਿਰਾਉਣ ਦਾ ਸਮਾਂ……, ਦੇਸ਼ ਦੀ ਸ਼ਾਨ……, ਮਾਣ-ਸਨਮਾਨ……

**45. ਅਰਜ਼ੀ** (10)

**ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਨੂੰ ਜ਼ਰੂਰੀ ਕੰਮ ਸੰਬੰਧੀ ਦੋ ਦਿਨ ਦੀ ਛੁੱਟੀ ਲਈ ਅਰਜ਼ੀ ਲਿਖੋ।**

(46) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਪੰਜ ਸਤਰਾਂ ਲਿਖੋ। (5)



(ੳ). ____________________________________________।

(ਅ). ____________________________________________।

(ੲ). ____________________________________________।

(ਸ). ____________________________________________।

(ਹ). ____________________________________________।

**Bal Bharati PUBLIC SCHOOL LUDHIANA**

| | | |
|---|---|---|
| **Name - ____________** | **Class V** | **Date-12.03.24** |
| **Roll No. __________** | **Final Term Test (March 2024)** | **M.Marks : 80** |
| **Time:3hrs** | **Ans Key** | **Subject-Punjabi** |

(ਭਾਗ - ੳ)

(ੳ) ਬਹੁ-ਵਿਕਲਪੀ ਪ੍ਰਸ਼ਨ- (6)

1.ਕੁੜੀਆਂ ਦੇ ਭਾਗ ਕਿਸ ਤਰ੍ਹਾਂ ਜਾਗ ਸਕਦੇ ਹਨ? (ਨਿਰਾਸ਼ ਰਹਿ ਕੇ, **ਉੱਚੀ ਵਿੱਦਿਆ ਹਾਸਲ ਕਰਕੇ**, ਵਿਹਲੇ ਬੈਠ ਕੇ)

2.ਗੰਗੂ ਦਾ ਪਿੰਡ ਕਿਹੜਾ ਸੀ ? (ਡੱਲਾ, ਸਹੌਲੀ, **ਸਹੇੜੀ**)

3.ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਨ ਦਾ ਹੁਕਮ ਕਿਸਨੇ ਦਿੱਤਾ? (**ਵਜ਼ੀਰ ਖਾਂ ਨੇ,** ਸੁੱਚਾ ਨੰਦ ਨੇ, ਜ਼ਮੀਰ ਖਾਂ ਨੇ)

4. ਮਿਲਖਾ ਸਿੰਘ ਕਿਹੋ ਜਿਹੇ ਪਰਿਵਾਰ ਵਿੱਚ ਜੰਮਿਆ ਪਲਿਆ? (ਸ਼ਾਹੀ, **ਸਧਾਰਨ** , ਬਹੁਤ ਗ਼ਰੀਬ)

5.ਭਾਰਤ ਸਰਕਾਰ ਨੇ ਮਿਲਖਾ ਸਿੰਘ ਨੂੰ ਕਿਹੜਾ ਸਨਮਾਨ ਦਿੱਤਾ? (ਭਾਰਤ ਰਤਨ, ਨੋਬਲ ਪੁਰਸਕਾਰ, **ਪਦਮ ਸ਼੍ਰੀ**)

6.ਕਵੀ ਕਿਸ ਦੇ ਸਿਰ ਤੇ ਸ਼ਬਦਾਂ ਦਾ ਚੰਦੋਆ ਸਲਾਮਤ ਰੱਖਣਾ ਚਾਹੁੰਦਾ ਹੈ? (**ਧੀਆਂ ਦੇ**, ਕਿਤਾਬਾਂ ਦੇ, ਕੰਧਾਂ ਦੇ)

(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (16)

7. ਮਿਲਖਾ ਸਿੰਘ ਦਿੱਲੀ ਕਿਵੇਂ ਪਹੁੰਚਿਆ?

ਉੱਤਰ- 1947 ਵਿੱਚ ਹੋਏ ਫਸਾਦਾਂ ਵਿੱਚ ਮਿਲਖਾ ਸਿੰਘ ਦੇ ਮਾਤਾ-ਪਿਤਾ ਦੇ ਮਾਰੇ ਜਾਣ ਤੋਂ ਬਾਅਦ ਸ਼ਰਨਾਰਥੀ ਕੈਂਪਾਂ ਵਿੱਚ ਰੁਲਦਾ ਉਹ ਦਿੱਲੀ ਜਾ ਪਹੁੰਚਿਆ।

8. ਕਿਤਾਬਾਂ ਵਿੱਚ ਧੀਆਂ ਨੂੰ ਕੌਣ ਹਾਕਾਂ ਮਾਰ ਰਿਹਾ ਹੈ?

ਉੱਤਰ- ਕਿਤਾਬਾਂ ਵਿੱਚ ਧੀਆਂ ਨੂੰ ਅੰਬਰ/ ਅਕਾਸ਼ ਹਾਕਾਂ ਮਾਰ ਰਿਹਾ ਹੈ।

9. ਸ਼ਬਦਾਂ ਦੀ ਤੋਰ ਤੇ ਅੰਦਾਜ਼ ਕਿਹੋ ਜਿਹੇ ਹਨ?

ਉੱਤਰ- ਸ਼ਬਦਾਂ ਦੀ ਤੋਰ ਵੱਖਰੀ ਤੇ ਅੰਦਾਜ਼ ਨਿਆਰੇ ਹਨ।

10. ਮਾਤਾ ਜੀ ਬੱਚਿਆਂ ਨੂੰ ਕੀ ਸਮਝਾ ਰਹੇ ਸਨ?

ਉੱਤਰ- ਮਾਤਾ ਜੀ ਬੱਚਿਆਂ ਨੂੰ ਆਪਣੇ ਧਰਮ ਤੇ ਪੱਕਾ ਰਹਿਣਾ ਸਿਖਾ ਰਹੇ ਸਨ।

11. ਮਿਲਖਾ ਸਿੰਘ ਦੇ ਨਾਂ ਨਾਲ ਫਲਾਇੰਗ ਸਿੱਖ ਸ਼ਬਦ ਕਿਵੇਂ ਜੁੜਿਆ?

ਉੱਤਰ- 1958 ਵਿੱਚ ਹੋਈਆਂ ਕਾਮਨਵੈਲਥ ਖੇਡਾਂ ਵਿੱਚ ਜਦੋਂ ਮਿਲਖਾ ਸਿੰਘ ਬਹੁਤ ਤੇਜ਼ ਦੌੜ ਕੇ ਬਹੁਤ ਫ਼ਰਕ ਨਾਲ ਜਿੱਤਿਆ ਤਾਂ ਪਾਕਿਸਤਾਨੀ ਅਨਾਉਂਸਰ ਨੇ ਉਸਨੂੰ ਇਹ ਨਾਮ ਦੇ ਕੇ ਨਿਵਾਜ਼ਿਆ।

12. ਹਨ੍ਹੇਰ ਕਿਸ ਕੋਲੋਂ ਥਰ-ਥਰ ਕੰਬਦਾ ਹੈ? ?

ਉੱਤਰ- ਹਨ੍ਹੇਰ ਗਿਆਨ ਰੱਖਣ ਵਾਲੇ ਵਿਅਕਤੀਆਂ ਕੋਲੋਂ ਥਰ-ਥਰ ਕੰਬਦਾ ਹੈ।

13. ਮਾਤਾ ਜੀ ਦੇ ਨਾਲ ਕੌਣ-ਕੌਣ ਸਨ?

ਉੱਤਰ- ਮਾਤਾ ਜੀ ਦੇ ਨਾਲ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਸਨ।

14. ਗੰਗੂ ਨੇ ਕੀ ਚੋਰੀ ਕੀਤਾ??

ਉੱਤਰ- ਗੰਗੂ ਨੇ ਮਾਤਾ ਜੀ ਦੀਆਂ ਮੋਹਰਾਂ ਵਾਲੀਆਂ ਥੈਲੀਆਂ ਚੋਰੀ ਕੀਤੀਆਂ।

(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ। (8)

15. ਸੂਲਾਂ – (ਰੋਸ / ਲਟਕਾਉਣਾ / **ਕੰਡੇ** )
16. ਤਿੜਕਣਾ – (**ਟੁੱਟਣਾ** / ਹਫ਼ਤਾਵਾਰ / ਬਿਨਾਂ ਡਰ ਤੋਂ)
17. ਭਾਗ – (ਯੁੱਧ / **ਨਸੀਬ** / ਗਾਇਬ)
18. ਫੁਰਤੀ – (ਦੇਣਾ / ਨਿਮਰਤਾ / **ਤੇਜ਼ੀ**)
19. ਅਨੁਮਾਨ – (**ਅੰਦਾਜ਼ਾ** / ਛੋਟੇ ਬੂਟੇ / ਕਸਰਤ)
20. ਅੰਬਰ – (ਦੋਸਤੀ / ਸਹੇਲੀ / **ਅਕਾਸ਼**)
21. ਬਿਰਧ – (**ਬਜ਼ੁਰਗ** / ਸਾਜਿਸ਼ / ਮੂਰਖ਼ਤਾ)
22. ਛਾਪਾਂ ਛੱਲੇ – (ਜੋਲ / ਲੜਾਈ / **ਗਹਿਣੇ**)

(ਸ) ਖ਼ਾਲੀ ਥਾਵਾਂ ਭਰੋ। (2)

23. ਪੰਜਾਬ ਸਰਕਾਰ ਨੇ ਮਿਲਖਾ ਸਿੰਘ ਨੂੰ **ਖੇਡ ਵਿਭਾਗ** ਦਾ ਉੱਚ ਅਧਿਕਾਰੀ ਨਿਯੁਕਤ ਕੀਤਾ।
24. ਜੇਤੂ ਖਿਡਾਰੀਆਂ ਦੇ **ਸ਼ਾਹੀ ਸਨਮਾਨ** ਤੋਂ ਮਿਲਖਾ ਸਿੰਘ ਨੂੰ ਬਹੁਤ ਉਤਸ਼ਾਹ ਮਿਲਿਆ।

(ਹ) ਵਾਕ ਬਣਾਉ – (8)

25. ਫ਼ੌਜ – **ਮੇਰੇ ਦਾਦਾ ਜੀ ਫ਼ੌਜ ਵਿੱਚ ਸਨ।** (ਕੋਈ ਵੀ ਹੋਰ)
26. ਹਨ੍ਹੇਰਾ – **ਰੌਸ਼ਨੀ ਹੋਣ ਨਾਲ ਹਨ੍ਹੇਰਾ ਖ਼ਤਮ ਹੋ ਜਾਂਦਾ ਹੈ।** (ਕੋਈ ਵੀ ਹੋਰ)
27. ਕੋਠੜੀ – **ਕੋਠੜੀ ਦਾ ਦਰਵਾਜ਼ਾ ਬਹੁਤ ਛੋਟਾ ਹੈ।** (ਕੋਈ ਵੀ ਹੋਰ)
28. ਪਰਿਵਾਰ – **ਸਾਡੇ ਪਰਿਵਾਰ ਵਿੱਚ ਛੇ ਜੀਅ/ ਮੈਂਬਰ ਹਨ।** (ਕੋਈ ਵੀ ਹੋਰ)

(ਕ) ਲਿੰਗ ਬਦਲੀ ਕਰੋ। (2)

29. ਖਿਡਾਰੀ ਦੌੜ ਰਿਹਾ ਹੈ। **ਖਿਡਾਰਨ ਦੌੜ ਰਹੀ ਹੈ।**
30. ਧੀ ਨੂੰ ਸਕੂਲ ਵਿੱਚ ਪੜ੍ਹਨ ਲਈ ਭੇਜੋ। **ਪੁੱਤਰ ਨੂੰ ਸਕੂਲ ਵਿੱਚ ਪੜ੍ਹਨ ਲਈ ਭੇਜੋ।**

(ਖ) ਵਿਰੋਧੀ ਸ਼ਬਦ ਲਿਖੋ। (3)

31. ਸਰਦੀ – **ਗਰਮੀ**
32. ਮਾਰਨਾ – **ਬਚਾਉਣਾ**
33. ਪਿਆਰ – **ਨਫ਼ਰਤ**

(ਗ) ਕਿਸਨੇ ਕਿਸਨੂੰ ਕਿਹਾ– (3)

34. "ਤੁਸੀਂ ਮੇਰੇ ਸ਼ੇਰ ਦੇ ਸ਼ੇਰ ਬੱਚੇ ਹੋ, ਸ਼ੇਰਾਂ ਨੂੰ ਨਾ ਸਰਦੀ ਲੱਗਦੀ ਹੈ ਨਾ ਡਰ।"

    **ਮਾਤਾ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ।**

35. "ਵੇਖ ਲਵੋ ਸਰਕਾਰ, ਸਜ਼ਾ ਨਾ ਦਿੱਤੀ ਤਾਂ ਪਛਤਾਉਣਾ ਪਵੇਗਾ।"

    **ਸੁੱਚਾ ਨੰਦ ਨੇ ਨਵਾਬ / ਵਜ਼ੀਰ ਖਾਨ ਨੂੰ।**

36. "ਬੋਰੀਆਂ ਤੂੰ ਚੁੱਕੀਆਂ ਨੇ, ਮੈਂ ਆਪ ਵੇਖਿਆ ਏ ਤੈਨੂੰ ਚੁੱਕਦਿਆਂ।"

    **ਮਾਤਾ ਜੀ ਨੇ ਗੰਗੂ ਨੂੰ।**

**(ਘ) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ-** (2)

ਚਾਨਣ ਵਾਲੀ ਸੋਚ ਹਮੇਸ਼ਾ ਸੀਸ ਉਠਾ ਕੇ ਤੁਰਦੀ,
ਸ਼ਬਦ ਵਿਹੂਣੀ ਦੁਨੀਆ ਕੱਚੀਆਂ ਕੰਧਾਂ ਵਾਂਗੂੰ ਭੁਰਦੀ ,
ਸੋਚ ਜਦੋਂ ਵੀ ਪਾਸਾ ਪਰਤੇ , ਚਿੜੀਆਂ ਬਾਜ਼ ਦਵੱਲੇ।
ਉੱਠ ਨੀਂ ਕੁੜੀਏ , ਜਾਗ ਨੀਂ ਕੁੜੀਏ,
ਜਾਗਣ ਤੇਰੇ ਭਾਗ ਨੀਂ ਕੁੜੀਏ।

37. ਪ੍ਰਸ਼ਨ- ਉਪਰੋਕਤ ਕਾਵਿ-ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

**ਉੱਤਰ- ਇਹ ਕਾਵਿ ਟੋਟਾ 'ਗੀਤ' ਕਵਿਤਾ ਵਿੱਚੋਂ ਲਿਆ ਗਿਆ ਹੈ।**

38. ਪ੍ਰਸ਼ਨ-'ਵਿਹੂਣੀ' ਦਾ ਸ਼ਾਬਦਿਕ ਅਰਥ ਕੀ ਹੈ?

**ਉੱਤਰ- 'ਵਿਹੂਣੀ' ਦਾ ਸ਼ਾਬਦਿਕ ਅਰਥ 'ਸੱਖਣੀ / ਤੋਂ ਬਿਨਾਂ' ਹੈ?**

## ਭਾਗ ( ਅ)

**(ੳ) ਅਣਡਿੱਠਾ ਪੈਰ੍ਹਾ** (5)

ਸਿਕੰਦਰ ਇੱਕ ਅਜਿਹਾ ਰਾਜਾ ਸੀ ਜੋ ਕਿ ਸਾਰੀ ਦੁਨੀਆ ਨੂੰ ਜਿੱਤਣਾ ਚਾਹੁੰਦਾ ਸੀ।ਉਸਨੇ ਏਸ਼ੀਆ ਦੇ ਕਈ ਦੇਸ਼ਾਂ ਨੂੰ ਲੁੱਟ-ਲੁੱਟ ਕੇ ਤਬਾਹ ਕਰ ਦਿੱਤਾ ਸੀ।ਇੱਕ ਵਾਰ ਮੁਲਤਾਨ ਦੀ ਲੜਾਈ ਵਿੱਚ ਉਸਨੂੰ ਕਈ ਜਖ਼ਮ ਆਏ ਪਰ ਉਸਦੇ ਸਿਰ ਦੇ ਇੱਕ ਜਖ਼ਮ ਨੇ ਉਸਨੂੰ ਫ਼ਿਕਰ ਵਿੱਚ ਪਾ ਦਿੱਤਾ ਸੀ।ਉਸਨੂੰ ਡਰ ਲੱਗਣ ਲੱਗਾ ਕਿ ਕਿਤੇ ਇਸ ਜ਼ਖ਼ਮ ਨਾਲ ਉਸਦੀ ਮੌਤ ਹੀ ਨਾ ਹੋ ਜਾਵੇ।ਉਹ ਸਾਰੀ ਦੁਨੀਆਂ ਨੂੰ ਜਿੱਤਣ ਦੇ ਲਾਲਚ ਕਾਰਨ ਜਲਦੀ ਮਰਨਾ ਨਹੀਂ ਚਾਹੁੰਦਾ ਸੀ।ਇਸ ਲਈ ਉਸਨੇ ਆਪਣੇ ਸਿਪਾਹੀਆਂ ਨੂੰ ਕੋਈ ਅਜਿਹੀ ਚੀਜ਼ ਲੱਭਣ ਲਈ ਕਿਹਾ ਜਿਸ ਨਾਲ ਉਹ ਅਮਰ ਹੋ ਜਾਵੇ।ਬਹੁਤ ਦੇਰ ਤੱਕ ਲੱਭਣ ਤੋਂ ਬਾਅਦ ਇੱਕ ਦਰਬਾਰੀ ਨੇ ਸਿਕੰਦਰ ਨੂੰ ਆਬੇ-ਹਿਆਤ ਨਾਂ ਦੇ ਚਸ਼ਮੇ ਬਾਰੇ ਦੱਸਿਆ , ਜਿਸ ਦਾ ਪਾਣੀ ਪੀਣ ਨਾਲ ਵਿਅਕਤੀ ਅਮਰ ਹੋ ਸਕਦਾ ਸੀ।ਸਿਕੰਦਰ ਬਹੁਤ ਖ਼ੁਸ਼ ਹੋਇਆ ਤੇ ਉਸਨੇ ਜਲਦੀ ਹੀ ਉਸ ਚਸ਼ਮੇ ਕੋਲ ਜਾਣ ਦੀ ਇੱਛਾ ਜ਼ਾਹਿਰ ਕੀਤੀ।ਚਸ਼ਮੇ ਕੋਲ ਪਹੁੰਚ ਕੇ ਪਾਲਕੀ ਰੋਕ ਦਿੱਤੀ ਗਈ ਤੇ ਸਿਕੰਦਰ ਨੂੰ ਇੱਕ ਪਿਆਲੇ ਵਿੱਚ ਚਸ਼ਮੇ ਦਾ ਜਲ ਲਿਆ ਕੇ ਦਿੱਤਾ ਗਿਆ।ਜਦੋਂ ਹੀ ਰਾਜੇ ਨੇ ਪਿਆਲਾ ਆਪਣੇ ਬੁੱਲ੍ਹਾਂ ਕੋਲ ਕੀਤਾ ਤਾਂ ਉੱਥੇ ਇੱਕ ਬੁੱਢਾ ਤੇ ਪਤਲਾ ਜਿਹਾ ਆਦਮੀ ਆ ਗਿਆ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

39. ਸਿਕੰਦਰ ਕਿਸਨੂੰ ਜਿੱਤਣਾ ਚਾਹੁੰਦਾ ਸੀ?
**ਸਿਕੰਦਰ ਸਾਰੀ ਦੁਨੀਆ ਨੂੰ ਜਿੱਤਣਾ ਚਾਹੁੰਦਾ ਸੀ।**
40. ਸਿਕੰਦਰ ਨੂੰ ਕਿਸ ਲੜਾਈ ਵਿੱਚ ਜ਼ਿਆਦਾ ਜਖ਼ਮ ਆਏ?
**ਸਿਕੰਦਰ ਨੂੰ ਮੁਲਤਾਨ ਦੀ ਲੜਾਈ ਵਿੱਚ ਬਹੁਤ ਜ਼ਖ਼ਮ ਆਏ।**
41. ਚਸ਼ਮੇ ਦਾ ਕੀ ਨਾਂ ਸੀ?
**ਚਸ਼ਮੇ ਦਾ ਨਾਂ ਆਬੇ-ਹਿਆਤ ਸੀ।**
42. ਪੈਰ੍ਹੇ ਵਿੱਚੋਂ ਪੜ੍ਹ ਕੇ ਇਸ ਸਤਰ ਨੂੰ ਪੂਰਾ ਕਰੋ।
ਉਸਨੂੰ ਡਰ ਲੱਗਣ ਲੱਗਾ ਕਿ ਕਿਤੇ **ਇਸ ਜ਼ਖ਼ਮ ਨਾਲ ਉਸਦੀ ਮੌਤ ਹੀ ਨਾ ਹੋ ਜਾਵੇ।**
43. **ਵਾਕ ਬਣਾਓ-**

ਲੜਾਈ - **ਕਿਸੇ ਨਾਲ ਲੜਾਈ ਕਰਨਾ ਚੰਗੀ ਗੱਲ ਨਹੀਂ ਹੈ।** (ਕੋਈ ਵੀ ਹੋਰ)

44. ਹੇਠ ਲਿਖੇ ਦਿਸ਼ਾ ਨਿਰਦੇਸ਼ਾਂ ਨੂੰ ਪੜ੍ਹ ਕੇ ਲੇਖ ਲਿਖੋ। (10)

ਲੇਖ – ਤਿਰੰਗਾ

**ਦਿਸ਼ਾ ਨਿਰਦੇਸ਼ –** ਭੂਮਿਕਾ……, ਰਾਸ਼ਟਰੀ ਚਿੰਨ੍ਹ……., ਭਾਰਤ ਦੇ ਰਾਸ਼ਟਰੀ ਚਿੰਨ੍ਹ……., ਕੌਮੀ ਝੰਡਾ……., ਤਿਰੰਗੇ ਦੀ ਬਣਤਰ……., ਤਿਰੰਗੇ ਵਿਚਲੇ ਰੰਗ……., ਅਸ਼ੋਕ ਚੱਕਰ……, ਲਹਿਰਾਉਣ ਦਾ ਸਮਾਂ……, ਦੇਸ਼ ਦੀ ਸ਼ਾਨ……, ਮਾਣ-ਸਨਮਾਨ……

ਹਰ ਇੱਕ ਸੁਤੰਤਰ ਦੇਸ਼ ਦੇ ਆਪਣੇ ਕੁਝ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਨੂੰ ਰਾਸ਼ਟਰੀ ਚਿੰਨ੍ਹ ਕਿਹਾ ਜਾਂਦਾ ਹੈ।ਸਾਡਾ ਭਾਰਤ ਵੀ ਇੱਕ ਸੁਤੰਤਰ ਦੇਸ਼ ਹੈ ਤੇ ਇਸਦੇ ਆਪਣੇ ਕਈ ਰਾਸ਼ਟਰੀ ਚਿੰਨ੍ਹ ਹਨ ਜਿਵੇਂ ਕਿ ਰਾਸ਼ਟਰੀ ਖੇਡ ਹਾਕੀ, ਰਾਸ਼ਟਰੀ ਭਾਸ਼ਾ ਹਿੰਦੀ, ਰਾਸ਼ਟਰੀ ਫ਼ਲ ਅੰਬ, ਰਾਸ਼ਟਰੀ ਦਰੱਖ਼ਤ ਬਰਗਦ ਅਤੇ ਰਾਸ਼ਟਰੀ ਗੀਤ ਜਨ-ਗਨ-ਮਨ ਆਦਿ।ਇਸੇ ਤਰ੍ਹਾਂ ਸਾਡਾ ਰਾਸ਼ਟਰੀ ਝੰਡਾ ਤਿਰੰਗਾ ਹੈ।ਤਿਰੰਗੇ ਦਾ ਅਰਥ ਹੈ ਤਿੰਨ ਰੰਗਾਂ ਵਾਲਾ।ਸਾਡੇ ਤਿਰੰਗੇ ਵਿੱਚ ਤਿੰਨ ਰੰਗ ਹਨ- ਕੇਸਰੀ, ਚਿੱਟਾ ਅਤੇ ਹਰਾ।ਸਭ ਤੋਂ ਉੱਪਰ ਕੇਸਰੀ ਰੰਗ ਕੁਰਬਾਨੀ ਦਾ ਪ੍ਰਤੀਕ ਹੈ।ਵਿਚਕਾਰ ਵਾਲਾ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਹੈ ਅਤੇ ਸਭ ਤੋਂ ਹੇਠਾਂ ਹਰਾ ਰੰਗ ਹਰਿਆਲੀ ਅਤੇ ਖੁਸ਼ਹਾਲੀ ਨੂੰ ਦਰਸਾਉਂਦਾ ਹੈ।ਵਿਚਕਾਰ ਵਾਲੀ ਚਿੱਟੀ ਪੱਟੀ ਉੱਪਰ ਅਸ਼ੋਕ ਚੱਕਰ ਬਣਿਆ ਹੋਇਆ ਹੈ।ਇਸ ਚੱਕਰ ਵਿੱਚ ਚੌਵੀ ਰੇਖਾਵਾਂ ਬਣੀਆਂ ਹੋਈਆਂ ਹਨ ਜੋ ਕਿ ਚੌਵੀ ਘੰਟੇ ਕੰਮ ਕਰਦੇ ਰਹਿਣ ਦਾ ਸੰਕੇਤ ਦਿੰਦੀਆਂ ਹਨ।ਕੌਮੀ ਝੰਡਾ 15 ਅਗਸਤ ਅਤੇ 26 ਜਨਵਰੀ ਨੂੰ ਲਹਿਰਾਇਆ ਜਾਂਦਾ ਹੈ।ਤਿਰੰਗਾ ਭਾਰਤ ਦੀ ਆਨ-ਬਾਨ ਅਤੇ ਸ਼ਾਨ ਹੈ।ਅਸੀਂ ਸਾਰੇ ਤਿਰੰਗੇ ਦਾ ਮਾਣ-ਸਨਮਾਨ ਕਰਦੇ ਹਾਂ।

45. **ਅਰਜ਼ੀ** (10)

**ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਨੂੰ ਜ਼ਰੂਰੀ ਕੰਮ ਸੰਬੰਧੀ ਦੋ ਦਿਨ ਦੀ ਛੁੱਟੀ ਲਈ ਅਰਜ਼ੀ ਲਿਖੋ।**

ਸੇਵਾ ਵਿਖੇ

ਮੁੱਖ-ਅਧਿਆਪਕ ਜੀ

ਬਾਲ ਭਾਰਤੀ ਪਬਲਿਕ ਸਕੂਲ

ਲੁਧਿਆਣਾ

ਵਿਸ਼ਾ- ਜ਼ਰੂਰੀ ਕੰਮ ਲਈ ਛੁੱਟੀ ਲੈਣ ਸੰਬੰਧੀ।

ਸ਼੍ਰੀ ਮਾਨ ਜੀ,

ਬੇਨਤੀ ਇਹ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਪੰਜਵੀਂ ਜਮਾਤ ਦਾ/ਦੀ ਵਿਦਿਆਰਥੀ / ਵਿਦਿਆਰਥਣ ਹਾਂ।ਮੈਨੂੰ ਅੱਜ ਘਰ ਵਿੱਚ ਇੱਕ ਜ਼ਰੂਰੀ ਕੰਮ ਪੈ ਗਿਆ ਹੈ।ਇਸ ਲਈ ਮੈਂ ਅੱਜ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦਾ / ਸਕਦੀ।ਕਿਰਪਾ ਕਰਕੇ ਮੈਨੂੰ ਦੋ ਦੀ ਛੁੱਟੀ ਦਿੱਤੀ ਜਾਵੇ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ / ਹੋਵਾਂਗੀ।

ਆਪ ਜੀ ਦਾ / ਦੀ ਆਗਿਆਕਾਰੀ

ਨਾਮ – __________

ਜਮਾਤ –ਪੰਜਵੀਂ

ਰੋਲ ਨੰਬਰ – ______

ਮਿਤੀ – ______

(46) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਪੰਜ ਸਤਰਾਂ ਲਿਖੋ।



(ੳ). ਇਹ ਚਿੱਤਰ ਇੱਕ ਜੰਗਲ ਦਾ ਹੈ।

(ਅ). ਇਸ ਵਿੱਚ ਦੂਰ-ਦੂਰ ਤੱਕ ਹਰੀ ਘਾਹ, ਦਰੱਖਤ ਅਤੇ ਝਾੜੀਆਂ ਨਜ਼ਰ ਆ ਰਹੀਆਂ ਹਨ।

(ੲ). ਇੱਥੇ ਇੱਕ ਚੂਹਾ, ਕੱਛੂ, ਹਿਰਨ ਅਤੇ ਇੱਕ ਪੰਛੀ ਦਿਖਾਈ ਦੇ ਰਿਹਾ ਹੈ।

(ਸ). ਸਾਰੇ ਆਪਸ ਵਿੱਚ ਕੋਈ ਗੱਲ-ਬਾਤ ਕਰ ਰਹੇ ਹਨ।

(ਹ). ਅਸਮਾਨ ਵਿੱਚ ਬੱਦਲ ਵੀ ਨਜ਼ਰ ਆ ਰਹੇ ਹਨ। (ਕੋਈ ਵੀ ਹੋਰ)